National Research Journal of Social Sciences
Volume-11, Issue-1, January-June 2026
PP: 183-186

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਗੁਰੂ ਤੇਗ ਬਾਹਦਰ ਜੀ ਦੀ ਅਦੁੱਤੀ ਸ਼ਹਾਦਤ

**ਇੰਦਰਜੀਤ ਕੌਰ**

ਸਹਾਇਕ ਪ੍ਰੋਫੈਸਰ
ਮੁਖੀ ਪੰਜਾਬੀ ਵਿਭਾਗ, ਖਾਲਸਾ ਕਾਲਜ ਫ਼ਾਰ ਵਿਮੈਨ, ਸਿੱਧਵਾਂ ਖੁਰਦ (ਲੁਧਿਆਣਾ)

**ਪ੍ਰਸਤਾਵਨਾ**

ਗੁਰੂ ਤੇਗ ਬਹਾਦਰ ਜੀ ਵੱਲੋਂ ਦਿੱਤੀ ਸ਼ਹਾਦਤ ਕਿਸੇ ਧਰਮ ਵਿਸ਼ੇਸ਼ ਦੇ ਹੱਕ ਵਿੱਚ ਅਤੇ ਕਿਸੇ ਧਰਮ ਵਿਸ਼ੇਸ਼ ਦੇ ਵਿਰੋਧ ਵਿੱਚ ਨਹੀਂ ਸਗੋਂ ਸੱਤਾ ਦੇ ਜਬਰ ਵਿਰੁੱਧ ਮਨੁੱਖਤਾ ਦਾ ਰਾਹ ਮੋਕਲਾ ਕਰਨ ਲਈ ਸੀ।ਗੁਰੂ ਜੀ ਦੀ ਸ਼ਹਾਦਤ ਸੰਪਰਦਾਇਕਤਾ ਅਤੇ ਅਸਹਿਣਸ਼ੀਲਤਾ ਦੇ ਵਿਰੋਧ,ਜ਼ਬਰੀ ਧਰਮ ਪਰਿਵਤਨ ਦੇ ਵਿਰੋਧ,ਭੈਅ ਦੀ ਰਾਜਨੀਤੀ ਤੋਂ ਮੁਕਤੀ, ਆਰਥਿਕ ਅਤੇ ਮਾਨਸਿਕ ਸ਼ੋਸ਼ਨ ਦਾ ਵਿਰੋਧ ਅਤੇ ਮਨੁੱਖਤਾ ਦੀ ਰਾਖੀ ਲਈ ਸੀ।ਗੁਰੂ ਜੀ ਅਨੁਸਾਰ ਇੱਕ ਸੁਚੱਜੀ ਜੀਵਨ ਜੁਗਤ ਨਾਲ ਪ੍ਰਣਾਇਆ ਮਨੁੱਖ ਜਦੋਂ ਨਿਰਵਾਨ ਪਦ ਦੀ ਪ੍ਰਾਪਤੀ ਕਰ ਲੈਂਦਾ ਹੈ ਤਾਂ ਆਤਮਿਕ ਉੱਚਤਾ ਅਤੇ ਗਿਆਨ ਦੇ ਉਸ ਸਿਖਰ'ਤੇ ਪਹੁੰਚ ਜਾਂਦਾ ਹੈ ਜਿੱਥੇ ਉਹ ਨਾ ਕਿਸੇ ਨੂੰ ਡਰਾਉਂਦਾ ਹੈ ਅਤੇ ਨਾ ਹੀ ਕਿਸੇ ਤੋਂ ਡਰਦਾ ਹੈ।ਗੁਰੂ ਤੇਗ ਬਹਾਦਰ ਜੀ ਨੇ ਜੋ ਕਥਿਆ ਉਹ ਸ਼ਬਦ ਜੀਵਿਆ ਵੀ ਹੈ।ਗੁਰੂ ਜੀ ਦੀ ਸ਼ਹੀਦੀ ਆਪਣੇ ਲਈ ਨਹੀਂ, ਆਪਣੇ ਭਾਈਚਾਰੇ ਲਈ ਨਹੀਂ ਬਲਕਿ ਸਮੁੱਚੀ ਮਾਨਵਤਾ ਨੂੰ ਬਚਾਉਣ ਖਾਤਰ ਦਿੱਤੀ ਗਈ,ਇਸ ਗੌਰਵਮਈ ਸ਼ਹਾਦਤ ਨੇ ਸਿੱਖ ਇਤਿਹਾਸ ਵਿੱਚ ਇੱਕ ਨਵਾਂ ਮੋੜ ਲੈ ਆਉਂਦਾ ਅਤੇ ਹੱਕ,ਸੱਚ,ਇਨਸਾਫ਼ ਅਤੇ ਧਰਮ ਲਈ ਮਰ-ਮਿਟਣ ਦਾ ਜਜ਼ਬਾ ਕਣ-ਕਣ ਵਿੱਚ ਭਰ ਦਿੱਤਾ।ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ-ਸਰੋਤ ਬਣ ਗਈ ਹੈ।

**ਕੁੰਜੀ ਸ਼ਬਦ:** ਸ਼ਹਾਦਤ, ਮਾਨਵਤਾ, ਤਿਆਗ, ਸੰਕਲਪ, ਭਾਈਚਾਰਾ, ਹੱਕ, ਸੱਚ, ਇਨਸਾਫ਼

ਹਰ ਧਰਮ ਵਿੱਚ ਅਨੇਕਾਂ ਮੁੱਖ ਸੰਕਲਪ ਹੁੰਦੇ ਹਨ, ਉਹਨਾਂ ਵਿੱਚੋਂ ਸ਼ਹਾਦਤ ਦਾ ਸੰਕਲਪ ਆਪਣਾ ਇੱਕ ਵਿਸ਼ੇਸ਼ ਸਥਾਨ ਰੱਖਦਾ ਹੈ।ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਇਸਦੀ ਇੱਕ ਵਿੱਲਖਣ ਇਤਿਹਾਸਕ ਮਿਸਾਲ ਹੈ ਕਿ ਮਾਨਵਤਾ ਦੀ ਖਾਤਿਰ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਸ਼ਹਾਦਤ ਦਿੱਤੀ।ਸ਼ਹਾਦਤ ਕੇਵਲ ਸਰੀਰ ਦੀ ਮੌਤ ਹੀ ਨਹੀਂ ਹੁੰਦੀ ਬਲਕਿ ਸੋਚ, ਸਿਧਾਂਤਾਂ, ਮਨੁੱਖੀ ਅਧਿਕਾਰਾਂ ਅਤੇ ਸਮਾਜਿਕ ਕਦਰਾਂ-ਕੀਮਤਾਂ ਪ੍ਰਤੀ ਵਚਨਬੱਧਤਾ ਹੁੰਦੀ ਹੈ।

'ਸ਼ਹੀਦ' ਸ਼ਬਦ ਅਰਬੀ ਭਾਸ਼ਾ ਦਾ ਸ਼ਬਦ ਹੈ ਅਤੇ ਧਾਰਮਿਕ ਗ੍ਰੰਥ ਕੁਰਾਨ ਵਿੱਚ ਇਸਦੀ ਵਰਤੋਂ ਗਵਾਹ ਦੇ ਅਰਥਾਂ ਵਿੱਚ ਹੋਈ ਹੈ।ਸਾਮੀ ਪਰੰਪਰਾ ਵਿੱਚ ਸ਼ਹੀਦ ਸ਼ਬਦ 'ਸ਼ੋਹਦ' ਤੋਂ ਆਇਆ ਹੈ ਜਿਸ ਦੇ ਅਰਥ ਗਵਾਹੀ ਦੇਣਾ ਹੈ।ਇਹ ਮੰਨਿਆ ਗਿਆ ਹੈ ਕਿ ਸ਼ਹੀਦ ਉਹ ਹੁੰਦਾ ਹੈ ਜੋ ਵਿਸ਼ਵਾਸ ਦੇ ਬੋਲਬਾਲੇ ਵਾਸਤੇ ਜ਼ੁਲਮ ਸਹਿਣ ਲਈ ਤਤਪਰ ਹੋਵੇ ਅਤੇ ਧਰਮ ਬਦਲੇ ਆਪਣੀ ਸੋਚ ਤੇ ਦ੍ਰਿੜ ਰਹਿ ਕੇ ਵੱਡੀ ਕੁਰਬਾਨੀ ਦੇਣ ਲਈ ਤਿਆਰ ਰਹੇ।ਮਹਾਨ ਕੋਸ਼ ਅਨੁਸਾਰ ਸ਼ਹੀਦ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿੱਥੇ ਇਹ ਪੰਜਾਬੀ ਵਿੱਚ ਸ਼ਾਮਿਲ ਹੋਇਆ ਹੈ।ਸ਼ਹੀਦ ਤੋਂ ਭਾਵ ਸ਼ਹਾਦਤ ਦੇਣ ਵਾਲਾ, ਗਵਾਹ ਸਾਕ-ਸ਼ੀ(ਸਾਖੀ) ਅਜਿਹਾ ਕੰਮ ਕਰਨ ਵਾਲਾ ਜਿਸ ਦੀ ਲੋਕ ਸਾਖੀ ਦੇਣ।ਧਰਮਯੁੱਧ ਵਿੱਚ ਜਿਸ ਨੇ ਜੀਵਨ ਅਰਪਿਆ ਹੈ।[1] ਭਾਈ ਵੀਰ ਸਿੰਘ 'ਸ਼ਹੀਦ' ਬਾਰੇ ਲਿਖਦੇ ਹਨ, ਬੇਗੁਨਾਹ ਮਾਰਿਆ ਗਿਆ ਯਾ ਰੱਬ ਦੇ ਰਸਤੇ ਮਾਰਿਆ ਗਿਆ।ਰੱਬ ਤੇ ਉਗਾਹੀ ਦੇਣ ਵਾਲਾ ਸ਼ਹੀਦ,ਈਮਾਨਦਾਰ,ਸਾਖ ਭਰਨ ਵਾਲਾ, ਨਿਸਚੇਵਾਨ, ਜਿਸ ਨੇ ਧਰਮ ਖਾਤਿਰ ਜਾਨ ਦੇ ਦਿੱਤੀ ਹੋਵੇ।[2] ਸਾਮੀ ਪਰੰਪਰਾ ਵਿੱਚ ਸ਼ਹਾਦਤ ਸ਼ਬਦ ਯੂਨਾਨੀ ਭਾਸ਼ਾ ਤੋਂ ਆਇਆ ਹੈ।ਇਸ ਲਈ ਸ਼ਬਦ UATUP ਵਰਤਿਆ ਗਿਆ ਹੈ।ਜਿਸਦੇ ਅਰਥ ਵੀ 'ਗਵਾਹੀ'ਹਨ।ਸਾਮੀ ਪਰੰਪਰਾ ਵਿੱਚ ਸ਼ਹੀਦ ਉਹ ਹੁੰਦਾ ਹੈ, ਜੋ ਵਿਸ਼ਵਾਸ ਦੇ ਬੋਲਬਾਲੇ ਵਾਸਤੇ ਜ਼ੁਲਮ ਸਹਿਣ ਲਈ ਤਤਪਰ ਹੋਵੇ ਜਾਂ ਧਰਮ ਬਦਲੇ ਆਪਣੇ ਸੱਚ ਤੇ ਦ੍ਰਿੜ ਰਹਿ ਕੇ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਰਹੇ।ਇਹ ਮੌਤ ਤੋਂ ਡਰਨ ਦੀ ਥਾਂ ਮੌਤ ਨੂੰ ਪਿਆਰ ਨਾਲ ਜਾ ਚੁੰਮਣਾ ਹੈ।[3] ਸ਼ਹੀਦ ਸ਼ਬਦ ਗਰੀਕ ਲੋਕਾਂ ਵੱਲੋਂ ਸਭ ਤੋਂ ਪਹਿਲਾਂ ਇਬਰਾਨੀ ਜਾਂ ਮੋਜ਼ਿਜ਼ ਦੀ ਕੌਮ ਲਈ ਵਰਤਿਆ ਗਿਆ, ਕਿਉਂਕਿ ਯਹੂਦੀ ਲੋਕ ਮਿਸ਼ਰੀਆਂ ਦੀ ਗੁਲਾਮੀ ਵਿੱਚ ਜ਼ਿੰਦਗੀ ਬਤੀਤ ਕਰ ਰਹੇ ਸਨ ਅਤੇ ਉੱਥੋਂ ਦੇ ਸ਼ਾਸਕ ਜਿਸ ਨੂੰ ਫਰਾਊਨ ਕਿਹਾ ਜਾਂਦਾ ਸੀ ਦੇ ਜ਼ੁਲਮਾਂ ਦੇ ਸ਼ਿਕਾਰ ਸਨ।ਉਸ ਦੇ ਜ਼ੁਲਮ ਇਸ ਹੱਦ ਤੱਕ ਵੱਧ ਚੁੱਕੇ ਸਨ ਕਿ ਉਸ ਦੇ ਹੁਕਮ ਨਾਲ ਯਹੂਦੀਆਂ ਦੇ ਘਰ ਜੰਮਣ ਵਾਲੇ ਹਰ ਲੜਕੇ ਨੂੰ ਕਤਲ ਕਰ ਦਿੱਤਾ ਜਾਂਦਾ ਸੀ ਪਏ ਇਸ ਦੇ ਬਾਵਜੂਦ ਵੀ ਉਹ ਆਪਣੇ ਧਰਮ ਅਸੂਲਾਂ ਉੱਤੇ ਦ੍ਰਿੜ ਰਹਿ ਕੇ ਕੁਰਬਾਨੀਆਂ ਦੇ ਰਹੇ ਸਨ।ਅਜਿਹੇ ਸਿਰੜ ਅਤੇ ਸੱਚ ਵਾਲੀ ਦ੍ਰਿੜਤਾ ਨੂੰ ਵੇਖਦੇ ਹੋਏ ਗਰੀਕ ਲੋਕਾਂ ਨੇ ਉਹਨਾਂ ਲਈ ਸ਼ਹੀਦ ਸ਼ਬਦ ਦੀ ਵਰਤੋਂ ਕੀਤੀ।[4]

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਹਿਲਾਂ ਭਾਰਤੀ ਸਭਿਆਚਾਰ ਵਿੱਚ ਸ਼ਹਾਦਤ ਦਾ ਸੰਕਲਪ ਹੀ ਪ੍ਰਾਪਤ ਨਹੀਂ ਸੀ।ਪਹਿਲੀ ਵਾਰ ਗੁਰੂ ਅਰਜਨ ਪਾਤਸ਼ਾਹ ਲਈ ਸ਼ਹੀਦ ਸ਼ਬਦ ਵਰਤਿਆ ਗਿਆ।[5] ਹਿੰਦੂ ਸਾਹਿਤ ਵਿੱਚ 'ਦੇਹ ਤਿਆਗ' ਅਤੇ 'ਸੰਕਲਪਾਂ' ਸ਼ਬਦ ਵਰਤੋਂ ਵਿੱਚ ਲਿਆਂਦੇ ਗਏ ਹਨ, ਪਰ ਇਹ ਸਾਰੇ ਸ਼ਬਦ ਸ਼ਹਾਦਤ ਸ਼ਬਦ ਵਜੋਂ ਰੂਪਮਾਨ ਹੁੰਦੇ ਨਜ਼ਰ ਨਹੀਂ ਆਉਂਦੇ।[6]

ਉਪਰੋਕਤ ਹਵਾਲੇ ਤੋਂ ਇਹ ਪੁਸ਼ਟੀ ਹੁੰਦੀ ਹੈ ਕਿ ਅਜਿਹੇ ਸਕੰਲਪ ਜਿਹੜੇ ਭਾਰਤੀ ਚਿੰਤਨ ਵਿੱਚ ਵਿਦਮਾਨ ਨਹੀਂ ਸਨ, ਉਹ ਇਸਲਾਮੀ ਪ੍ਰਭਾਵ ਅਧੀਨ ਹੀ ਹਿੰਦੋਸਤਾਨੀ ਪਰੰਪਰਾ ਵਿੱਚ ਪ੍ਰਚਲਿਤ ਹੋਏ ਅਤੇ ਉਹਨਾਂ ਨੂੰ ਸਿੱਖ ਸਿਧਾਂਤ ਅਤੇ ਅਮਲ ਵਿੱਚ ਪ੍ਰਵਾਨ ਕਰ ਲਿਆ ਗਿਆ।


© Copyright @ Authors

ਅਸਲ ਵਿੱਚ ਸ਼ਹਾਦਤ ਸ਼ਬਦ ਸਿੱਖ ਧਰਮ ਵਿੱਚ ਉਸ ਅਤਿਅੰਤ ਸਚਿਆਰ ਮਹਾਂਪੁਰਖ ਵਾਸਤੇ ਵਰਤਿਆ ਜਾਂਦਾ ਹੈ, ਜੋ ਸੱਚ ਦੀ ਖਾਤਰ ਸਿਰ ਧੜ ਦੀ ਬਾਜ਼ੀ ਨਿਸੰਗ ਹੋ ਕੇ ਲਾ ਦੇਵੇ ਅਤੇ ਸੱਚ ਨੂੰ ਦੋਹੀਂ ਜਹਾਨੀ ਪ੍ਰਗਟ ਕਰ ਦੇਵੇ।[7] ਇੱਥੋਂ ਸਪੱਸ਼ਟ ਹੋ ਜਾਂਦਾ ਹੈ ਕਿ 'ਸ਼ਹੀਦ' ਸ਼ਬਦ ਭਾਰਤੀ ਚਿੰਤਨ ਵਿੱਚ ਪਹਿਲੀ ਵਾਰ ਸਿਧਾਂਤ ਅਤੇ ਅਮਲ ਰੂਪ ਵਿੱਚ ਸਿੱਖ ਗੁਰੂ ਸਹਿਬਾਨ ਰਾਹੀਂ ਆਇਆ।ਬਾਣੀ ਵਿੱਚ "ਜੂਝੇ ਮਰੋਂ ਤਹਿ ਸਾਚ ਪਤੀਜੈ" ਦਾ ਅਜਿਹਾ ਮਹਾਨ ਸੰਕਲਪ ਸਿੱਖਾਂ ਦੇ ਮਨਾਂ ਵਿੱਚ ਉਤਾਰ ਦਿੱਤਾ ਗਿਆ ਕਿ ਜਿਸ ਦੇ ਅੰਤਰਗਤ ਹਜ਼ਾਰਾਂ ਹੀ ਨਹੀਂ ਸਗੋਂ ਲੱਖਾਂ ਦੀ ਗਿਣਤੀ ਵਿੱਚ ਸਿੱਖ ਮਨੁੱਖਤਾ ਦੀ ਭਲਾਈ ਲਈ ਅਤੇ ਹੱਕ ਸੱਚ ਇਨਸਾਫ ਦੀਆਂ ਕਦਰਾਂ-ਕੀਮਤਾਂ ਦੀ ਬਹਾਲੀ ਲਈ ਸ਼ਹਾਦਤ ਦਾ ਜਾਮ ਪੀ ਗਏ।ਇਤਿਹਾਸ ਗਵਾਹ ਹੈ ਕਿ ਮਹਿਮੂਦ ਵਰਗੇ ਧਾੜਵੀ ਕੇਵਲ ਤੀਹ ਹਜ਼ਾਰ ਦੀ ਫ਼ੌਜ ਨਾਲ ਸੋਮਨਾਥ ਦੇ ਮੰਦਰ ਨੂੰ ਲੁੱਟ ਸਕਦੇ ਸਨ, ਜਦਕਿ ਮੰਦਰ ਦੇ ਅਧੀਨ ਤੀਹ ਹਜ਼ਾਰ ਪਿੰਡ ਸਨ।ਸਿੱਖ ਧਰਮ ਨੇ ਸ਼ਹਾਦਤ ਨੂੰ ਸਿਧਾਂਤ ਅਤੇ ਅਮਲ ਵਿੱਚ ਆਪਣਾ ਕੇ ਭਾਰਤੀ ਧਰਮ ਪਰੰਪਰਾ ਵਿੱਚ ਇੱਕ ਨਵਾਂ ਇਤਿਹਾਸ ਸਿਰਜਿਆ।ਸ਼ਹੀਦ ਵਾਸਤੇ ਸਿੱਖ ਦੇ ਮਨ ਵਿੱਚ ਉਠਿਆ ਚਾਅ ਤੇ ਖੇੜਾ ਉਸਨੂੰ ਸੇਵਕ ਤੋਂ 'ਖਾਲਸਾ' ਬਣਾ ਦਿੰਦਾ ਹੈ।ਗੁਰੂ ਨਾਨਕ ਦੇਵ ਜੀ ਨੇ ਵੇਈ ਨਦੀ ਦੇ ਪ੍ਰਵੇਸ਼ ਤੋਂ ਬਾਅਦ ਪਹਿਲੇ ਐਲਾਨਨਾਮੇ "ਨਾ ਕੋ ਹਿੰਦੂ ਨਾ ਕੋ ਮੁਸਲਮਾਨ" ਤੋਂ ਇਹ ਮੰਨਿਆ ਗਿਆ ਹੈ ਕਿ ਸਿੱਖ ਧਰਮ ਦੀ ਨੀਂਹ ਇਸ ਐਲਾਨਨਾਮੇ ਵਜੋਂ ਪ੍ਰਵਾਨ ਕੀਤੀ ਜਾਂਦੀ ਹੈ।ਕਿਉਂਕਿ ਇਹ ਐਲਾਨਨਾਮਾ ਸਮੂਹ ਮਨੁੱਖਤਾ ਨੂੰ ਧਰਮਾਂ ਦੀ ਏਕਤਾ ਦੀ ਗੱਲ ਕਰਦਾ ਹੈ।ਗੁਰੂ ਨਾਨਕ ਦੇਵ ਜੀ ਮਨੁੱਖੀ ਸਵੈਮਾਨਤਾ ਦੀ ਬਹਾਲੀ ਅਤੇ ਸ਼ਹੀਦੀ ਦਾ ਚਾਉ ਭਰਦੇ ਹਨ ਉੱਥੇ ਮਨੁੱਖ ਲਈ ਵੰਗਾਰ ਵੀ ਹਨ।ਬਾਣੀ ਵਿੱਚ ਦਰਜ ਹੈ :

ਜਉ ਤਉ ਪ੍ਰੇਮ ਖੇਲਣ ਕਾ ਚਾਉ॥

ਸਿਰੁ ਧਰਿ ਤਲੀ ਗਲੀ ਮੇਰੀ ਆਉ॥

ਇਤੁ ਮਾਰਗਿ ਪੈਰੁ ਧਰੀਜੈ॥

ਸਿਰ ਦੀਜੈ ਕਾਣਿ ਨ ਕੀਜੈ॥[8]

ਸਿੱਖ ਧਰਮ ਨੂੰ ਇਹ ਮਾਣ ਪ੍ਰਾਪਤ ਹੈ ਕਿ ਸਮੁੱਚਾ ਸਿੱਖ ਇਤਿਹਾਸ ਸ਼ਹੀਦਾਂ ਨਾਲ ਭਰਿਆ ਪਿਆ ਹੈ।ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਬਾਣੀ ਸ਼ਹੀਦ ਸ਼ਬਦ ਨੂੰ ਮਹਾਨ ਰੁਤਬਾ ਦੇ ਕੇ ਗੁਰੂਆਂ, ਪੀਰਾਂ, ਪੈਗੰਬਰਾਂ ਦੇ ਬਰਾਬਰ ਦਾ ਆਧਾਰ ਪ੍ਰਦਾਨ ਕਰਾਉਂਦੇ ਹਨ।

ਪੀਰ ਪੈਕਾਮਰ ਮਾਲਕ ਸਾਦਕ

ਸੁਹਦੇ ਅਉਰੁ ਸਹੀਦ

ਸੇਖ ਮਸਾਇਕ ਕਾਜੀ ਮੁਲਾ

ਦੂਰਿ ਦਰਵੇਸ ਰਸੀਦ॥[9]

ਸਿੱਖ ਧਰਮ ਵਿੱਚ ਜੋ ਨਿਰਭੈਤਾ ਅਤੇ ਨਿਡਰਤਾ ਗੁਰੂ ਚਿੰਤਨ ਨੇ ਭਰੀ ਹੈ ਉਸ ਦਾ ਸਪੱਸ਼ਟ ਪ੍ਰਗਟਾਵਾ ਸਿੱਖ ਇਤਿਹਾਸ ਵਿੱਚੋਂ ਹੋ ਜਾਂਦਾ ਹੈ।

ਮਰਣੁ ਮੁਣਸਾ ਸੂਰਿਆ ਹਕੁ ਹੈ

ਜੋ ਹੋਇ ਮਰਨਿ ਪਰਵਾਣੋ॥

ਸੂਰੇ ਸੋਈ ਆਗੈ ਆਖੀਅਹਿ

ਦਰਗਹ ਪਾਵਹਿ ਸਾਚੀ ਮਾਣੋ॥[10]

ਸਿੱਖ ਧਰਮ ਦੇ ਪਹਿਲੇ ਸ਼ਹੀਦ ਪੰਚਮ ਪਾਤਸ਼ਾਹ ਹਜ਼ੂਰ ਗੁਰੂ ਅਰਜਨ ਦੇਵ ਜੀ ਅਤੇ ਦੂਸਰੇ ਗੁਰੂ ਸ਼ਹੀਦ ਸ੍ਰੀ ਗੁਰੂ ਤੇਗ ਬਹਾਦਰ ਜੀ ਸਨ, ਜਿੰਨ੍ਹਾ ਨੇ ਲੋਕਾਂ ਦੇ ਹੱਕ ਵਿੱਚ ਮਹਾਨ ਸਿੱਖੀ ਸਿਧਾਂਤਾਂ ਤੇ ਨਾ ਕੇਵਲ ਪਹਿਰਾ ਦਿੱਤਾ, ਸਗੋਂ ਆਪਣਾ ਆਪ ਵੀ ਕੁਰਬਾਨ ਕਰ ਦਿੱਤਾ।ਗੁਰੂ ਸਾਹਿਬ ਦੀ ਸ਼ਹਾਦਤ ਜ਼ੁਲਮ ਵਿਰੁੱਧ ਸੀ ਨਾ ਕਿ ਕਿਸੇ ਧਰਮ ਅਤੇ ਮਨੁੱਖ ਦੇ ਵਿਰੁੱਧ।ਗੁਰੂ ਤੇਗ ਬਹਾਦਰ ਸਾਹਿਬ 1664 ਈ.'ਉਦੋਂ ਗੁਰੂ ਗੱਦੀ ਉੱਤੇ ਬੈਠਦੇ ਹਨ ਜਦੋਂ ਮੁਗਲ ਬਾਦਸ਼ਾਹ ਔਰੰਗਜ਼ੇਬ ਸੰਕੀਰਣ ਅਤੇ ਕੱਟੜ ਧਾਰਮਿਕ ਸੋਚ ਅਧੀਨ ਪੂਰੇ ਹਿੰਦੋਸਤਾਨ ਨੂੰ ਦਾਰ-ਉਲ-ਇਸਲਾਮ ਵਿੱਚ ਪਰਿਵਰਤਿਤ ਕਰਨਾ ਚਾਹੁੰਦਾ ਸੀ ਇਹ ਸਿੱਧਾ-ਸਿੱਧਾ ਭਾਰਤ ਦੀ ਸਭਿਆਚਾਰਕ ਅਤੇ ਧਾਰਮਿਕ ਵਿਵਿਧਤਾ'ਤੇ ਹਮਲਾ ਅਤੇ ਮਨੁੱਖੀ ਅਧਿਕਾਰਾਂ ਦਾ ਹਨਨ ਸੀ।ਔਰੰਗਜ਼ੇਬ ਦੀ ਇਸ ਧਰਮ ਨੀਤੀ ਦੇ ਸਭ ਤੋ ਪਹਿਲੇ ਸ਼ਿਕਾਰ ਕਸ਼ਮੀਰੀ ਪੰਡਿਤ ਬਣਦੇ ਹਨ।ਇਨ੍ਹਾਂ ਦੇ ਹੱਕ'ਚ ਨਿੱਤਰ ਕੇ ਗੁਰੂ ਤੇਗ ਬਹਾਦਰ ਸਾਹਿਬ ਨੇ ਸਮੇਂ ਦੇ ਸ਼ਕਤੀਸ਼ਾਲੀ ਅਤੇ ਧਾਰਮਿਕ ਰਾਜਸੀ ਸੱਤਾ ਨੂੰ ਸਿੱਧਾ ਵੰਗਾਰਿਆ।ਗੁਰੂ ਸਾਹਿਬ ਨੇ ਜ਼ੁਲਮ,ਅਨਿਆਂ ਅਤੇ ਕੁਫ਼ਰ ਦਾ ਮੁਕਾਬਲਾ ਸੱਚ,ਸਬਰ ਅਤੇ ਸ਼ੁਕਰ ਨਾਲ ਕਰਦਿਆਂ ਸਿਰ ਵਾਰ ਦਿੱਤਾ।ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦਰਵੇਸ਼ ਸ਼ਹਾਦਤ ਸਮੇਂ ਗੁਰੂ ਤੇਗ ਬਹਾਦਰ ਜੀ ਦੀ ਬਹਾਦਰੀ,ਸਿਰੜ ਅਤੇ ਸਬਰ ਨੂੰ ਬਿਆਨ ਕਰਦਿਆਂ ਫ਼ਰਮਾਉਂਦੇ ਹਨ।

ਤਿਲਕ ਜੰਞੂ ਰਾਖਾ ਪ੍ਰਭ ਤਾਕਾ

ਕੀਨੋ ਬਡੋ ਕਲੂ ਮਹਿ ਸਾਕਾ॥

ਸਾਧਨ ਹੇਤਿ ਇਤੀ ਜਿਨਿ ਕਰੀ॥


© Copyright @ Authors

ਸੀਸੁ ਦੀਯਾ ਪਰੁ ਸੀ ਨ ਉਚਰੀ॥

ਧਰਮ ਹੇਤ ਸਾਕਾ ਜਿਨਿ ਕੀਆ॥

ਸੀਸੁ ਦੀਆ ਪਰੁ ਸਿਰਰੁ ਨ ਦੀਆ॥ [11]

ਗੁਰੂ ਤੇਗ ਬਹਾਦਰ ਜੀ ਗੁਰੂ ਨਾਨਕ ਦੇਵ ਜੀ ਦੀ ਉਸ ਵਿਚਾਰਧਾਰਾ ਦੇ ਵਾਰਿਸ ਸਨ ਜੋ "ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ" ਤੇ ਆਧਰਿਤ ਸੀ।ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਅੰਕਿਤ ਹੈ :

ਉਸਤਤਿ ਨਿੰਦਾ ਦੋਊ ਪਰਹਿਰ ਹਰਿ ਕੀਰਤਿ ਉਰਿ ਆਨੋ॥

ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ॥ [12]

ਗੁਰੂ ਤੇਗ ਬਹਾਦਰ ਜੀ ਵੱਲੋਂ ਦਿੱਤੀ ਸ਼ਹਾਦਤ ਕਿਸੇ ਧਰਮ ਵਿਸ਼ੇਸ਼ ਦੇ ਹੱਕ ਵਿੱਚ ਅਤੇ ਕਿਸੇ ਧਰਮ ਵਿਸ਼ੇਸ਼ ਦੇ ਵਿਰੋਧ ਵਿੱਚ ਨਹੀਂ ਸਗੋਂ ਸੱਤਾ ਦੇ ਜਬਰ ਵਿਰੁੱਧ ਮਨੁੱਖਤਾ ਦਾ ਰਾਹ ਮੋਕਲਾ ਕਰਨ ਲਈ ਸੀ।ਗੁਰੂ ਜੀ ਦੀ ਸ਼ਹਾਦਤ ਸੰਪਰਦਾਇਕਤਾ ਅਤੇ ਅਸਹਿਣਸ਼ੀਲਤਾ ਦੇ ਵਿਰੋਧ,ਜ਼ਬਰੀ ਧਰਮ ਪਰਿਵਤਨ ਦੇ ਵਿਰੋਧ,ਭੈਅ ਦੀ ਰਾਜਨੀਤੀ ਤੋਂ ਮੁਕਤੀ, ਆਰਥਿਕ ਅਤੇ ਮਾਨਸਿਕ ਸ਼ੋਸ਼ਨ ਦਾ ਵਿਰੋਧ ਅਤੇ ਮਨੁੱਖਤਾ ਦੀ ਰਾਖੀ ਲਈ ਸੀ।ਗੁਰੂ ਜੀ ਨੇ ਇਨ੍ਹਾਂ ਬੰਧਨਾਂ ਤੋਂ ਮੁਕਤੀ ਲਈ ਹਿੰਮਤ ਅਤੇ ਸਵੈ-ਵਿਸ਼ਵਾਸ ਦੇ ਨਾਲ-ਨਾਲ ਗੁਰੂ ਉੱਤੇ ਭਰੋਸਾ ਰੱਖਣ ਲਈ ਸੰਦੇਸ਼ ਦਿੱਤਾ ਹੈ।

ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥

ਨਾਨਕ ਸਭੁ ਕਿਛੁ ਤੁਮਰੇ ਹਾਥ ਮੈ ਤੁਮ ਹੀ ਹੋਤ ਸਹਾਇ॥ [13]

ਗੁਰੂ ਜੀ ਨੇ ਮੌਤ ਨੂੰ ਅੰਤਿਮ ਅਤੇ ਅਟਲ ਸੱਚ ਦੱਸਦੇ ਹੋਏ ਮਨੁੱਖ ਨੂੰ ਮੌਤ ਨੂੰ ਸਵੀਕਾਰ ਕਰਨ ਦੀ ਚੇਤਨਾ ਬਖਸ਼ੀ ਹੈ।ਮੌਤ ਦੇ ਭੈਅ ਤੋਂ ਮੁਕਤ ਹੋਣ ਦਾ ਸੁਨੇਹਾ ਦਿੱਤਾ ਹੈ।ਆਪ ਜੀ ਦਾ ਹੁਕਮ ਹੈ :

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥

ਇਹ ਮਾਰਗ ਸੰਸਾਰ ਕੋ ਨਾਨਕ ਥਿਰ ਨਹੀਂ ਕੋਇ॥

ਰਾਮ ਗਇਓ ਰਾਵਨੁ ਗਇਓ ਜਾ ਕਉ,ਬਹੁ ਪਰਵਾਰ॥

ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉਂ ਸੰਸਾਰ॥ [14]

ਗੁਰੂ ਜੀ ਅਜਿਹੇ ਗੌਰਵ ਹੀਣ ਜੀਵਨ ਨੂੰ ਨਕਾਰਾ ਮੰਨਦੇ ਹਨ ਅਤੇ ਚੇਤਨਾ ਦੀ ਪੱਧਰ ਉੱਤੇ ਮਾਨਵੀ ਹੱਕਾਂ ਦੀ ਰਾਖੀ ਲਈ ਜੂਝਣ ਅਤੇ ਸੰਘਰਸ਼ਮਈ ਜੀਵਨ ਨੂੰ ਚੁਣਨ ਦਾ ਸੁਨੇਹਾ ਦਿੰਦੇ ਹਨ।ਗੁਰੂ ਤੇਗ ਬਹਾਦਰ ਜੀ ਮਨੁੱਖ ਨੂੰ ਕਾਮ,ਕ੍ਰੋਧ,ਲੋਭ,ਮੋਹ ਅਤੇ ਹਉਮੈ ਦਾ ਤਿਆਗ ਦਾ ਮਾਰਗ ਅਪਣਾਉਣ ਲਈ ਉਪਦੇਸ਼ ਦਿੰਦੇ ਹਨ :

ਸਾਧੋ ਮਨ ਕਾ ਮਾਨੁ ਤਿਆਗਉ॥

ਕਾਮ ਕ੍ਰੋਧ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥ਰਹਾਉ॥

ਸੁਖ ਦੁਖ ਦੋਨੋਂ ਸਮ ਕਰਿ ਜਾਨੈ ਅਉਰ ਮਾਨੁ ਅਪਮਾਨਾ॥

ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥

ਉਸਤਿਤ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥

ਜਨ ਨਾਨਕ ਇਹੁ ਖੇਲ ਕਠੁਨ ਹੈ ਕਿਨਹੂੰ ਗੁਰਮਖਿ ਜਾਨਾ॥ [15]

ਗੁਰੂ ਪਾਤਸ਼ਾਹ ਨੇ ਇੱਕ ਸੁਚੱਜੀ ਜੀਵਨ ਜੁਗਤ ਨਾਲ ਪ੍ਰਣਾਇਆ ਮਨੁੱਖ ਜਦੋਂ ਨਿਰਵਾਨ ਪਦ ਦੀ ਪ੍ਰਾਪਤੀ ਕਰ ਲੈਂਦਾ ਹੈ ਤਾਂ ਆਤਮਿਕ ਉੱਚਤਾ ਅਤੇ ਗਿਆਨ ਦੇ ਉਸ ਸਿਖਰ'ਤੇ ਪਹੁੰਚ ਜਾਂਦਾ ਹੈ।ਜਿੱਥੇ ਉਹ ਨਾ ਕਿਸੇ ਨੂੰ ਡਰਾਉਂਦਾ ਹੈ ਅਤੇ ਨਾ ਹੀ ਕਿਸੇ ਤੋਂ ਡਰਦਾ ਹੈ।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥ [16]

ਗੁਰੂ ਤੇਗ ਬਹਾਦਰ ਜੀ ਨੇ ਜੋ ਕਥਿਆ ਉਹ ਸ਼ਬਦ ਸ਼ਬਦ ਜੀਵਿਆ ਵੀ ਹੈ।ਗੁਰੂ ਜੀ ਦੀ ਸ਼ਹੀਦੀ ਆਪਣੇ ਲਈ ਨਹੀਂ, ਆਪਣੇ ਭਾਈਚਾਰੇ ਲਈ ਨਹੀਂ ਬਲਕਿ ਮਾਨਵਤਾ ਨੂੰ ਬਚਾਉਣ ਖਾਤਰ ਦਿੱਤੀ ਗਈ,ਇਸ ਗੌਰਵਮਈ ਸ਼ਹਾਦਤ ਨੇ ਸਿੱਖ ਇਤਿਹਾਸ ਵਿੱਚ ਇੱਕ ਨਵਾਂ ਮੋੜ ਲੈ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਆਉਂਦਾ ਅਤੇ ਹੱਕ,ਸੱਚ,ਇਨਸਾਫ਼ ਅਤੇ ਧਰਮ ਲਈ ਮਰ-ਮਿਟਣ ਦਾ ਜਜ਼ਬਾ ਕਣ-ਕਣ ਵਿੱਚ ਭਰ ਦਿੱਤਾ।ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ-ਸਰੋਤ ਬਣ ਗਈ ਹੈ।

## ਹਵਾਲੇ ਅਤੇ ਟਿੱਪਣੀਆਂ

1. ਕਾਨ੍ਹ ਸਿੰਘ ਨਾਭਾ,ਗੁਰੂ ਸ਼ਬਦ, ਰਤਨਕਾਰ,ਮਹਾਨ ਕੋਸ਼,ਭਾਸ਼ਾ ਵਿਭਾਗ,ਪੰਜਾਬ ਪਟਿਆਲਾ 199
2. ਵੀਰ ਸਿੰਘ,ਸ੍ਰੀ ਗੁਰੂ ਗ੍ਰੰਥ ਕੋਸ਼,ਭਾਈ ਵੀਰ ਸਿੰਘ ਸਾਹਿਤ ਸਦਨ,ਨਵੀਂ ਦਿੱਲੀ
3. ਇਨਸਾਈਕਲੋਪੀਡੀਆ ਆਫ਼ ਰਿਲੀਜ਼ਨ ਐਂਡ ਐਥਿਕਸ,ਪੰਨਾ 473
4. ਇਨਸਾਈਕਲੋਪੀਡੀਆ ਆਫ਼ ਬਿਰਟੈਨਕਾ (ਜਿਲਦ ਚੌਦਾ)ਪੰਨਾ 90
5. ਦਰਸ਼ਨ ਸਿੰਘ (ਡਾ.),ਭਾਰਤੀ ਭਗਤੀ ਪਰੰਪਰਾ ਅਤੇ ਸਿੱਖ ਗੁਰੂ,ਪੰਨਾ 25
6. ਜੇ.ਬੀ.ਅਪਟੇ,ਸੰਸਕ੍ਰਿਤ ਇੰਗਲਿਸ਼ ਡਿਕਸ਼ਨਰੀ,ਪੰਨਾ 946
7. ਗੁਰਤੇਜ ਸਿੰਘ (ਪ੍ਰੋ.ਆਫ਼ ਸਿੱਖਇਜ਼ਮ),ਸ਼ਹਾਦਤ ਜੂਨ 1998, ਪੰਨਾ 188 ਵਧੇਰੇ ਜਾਣਕਾਰੀ ਲਈ ਪੰਨਾ 189 ਵੀ ਦੇਖੋ।
8. ਸ੍ਰੀ ਗੁਰੂ ਗ੍ਰੰਥ ਸਾਹਿਬ,ਸਲੋਕ ਵਾਰਾਂ ਤੋਂ ਵਧੀਕ,ਮਹਲਾ 2, ਅੰਗ 1412
9. ਸ੍ਰੀ ਗੁਰੂ ਗ੍ਰੰਥ ਸਾਹਿਬ,ਸਿਰੀ ਰਾਗ ਮਹਲਾ 2, ਅੰਗ 53
10. ਸ੍ਰੀ ਗੁਰੂ ਗ੍ਰੰਥ ਸਾਹਿਬ,ਵਡਹੰਸ ਰਾਗ 2,ਅੰਗ 579-80
11. ਸ੍ਰੀ ਦਸਮ ਗ੍ਰੰਥ ਸਾਹਿਬ,ਬਚਿਤ੍ਰ ਨਾਟਕ,ਅੰਗ 683
12. ਸ੍ਰੀ ਗੁਰੂ ਗ੍ਰੰਥ ਸਾਹਿਬ,ਬਸੰਤੁ ਰਾਗ,ਅੰਗ 1186
13. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1429
14. ਉਹੀ,
15. ਉਹੀ,ਅੰਗ 219
16. ਉਹੀ,ਅੰਗ 1429


© Copyright @ Authors